# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA

TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 397 ਮਿਤੀ: 10-02-2023

**ਵਿਸ਼ਾ:-** **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 10/02/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 05 ਤੋਂ 07 ਮਿਤੀ 10/02/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** 398-401 **ਮਿਤੀ:** 10-02-2023

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

Scanned with CamScanner

Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ:10.02.2023 ਨੂੰ ਡਾ. ਨਯਨ, ਪੀ.ਸੀ.ਐਸ ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 05, 10.02.2023 | ਰਿਪੋਰਟ ਵੱਲੋਂ ਅਮਲਾ ਸੁਪਰਡੰਟ ਕਿ ਸ੍ਰੀ ਯਸ਼ਵੀਰ ਪੁੱਤਰ ਲੇਟ ਸ੍ਰੀ ਜਗਤਰਾਮ ਡਰਾਇਵਰ ਫਾਇਰ ਸ਼ਾਖਾ ਵੱਲੋਂ ਆਪਣੀ ਆਸਟ੍ਰੇਲਿਆ ਰਹਿੰਦੀ ਬੇਟੀ ਦੇ ਘਰ ਫੰਕਸ਼ਨ ਅਟੈਂਡ ਕਰਨ ਲਈ ਮਿਤੀ 14.03.2023 ਤੋਂ ਮਿਤੀ 14.05.2023 ਤੱਕ (62 ਦਿਨ) ਦੀ ਐਕਸ ਇੰਡੀਆ ਲੀਵ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਫਾਇਰ ਅਫਸਰ, ਫਾਇਰ ਬ੍ਰਿਗੇਡ ਨਗਰ ਨਿਗਮ ਫਗਵਾੜਾ ਵੱਲੋਂ ਉਸਨੂੰ ਐਕਸ ਇੰਡੀਆ ਲੀਵ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਕਾਰਪੋਰੇਸ਼ਨ ਇੰਜੀਨੀਅਰ (ਓ ਐਂਡ ਐਮ)-ਕਮ-ਇੰਚਾਰਜ਼ ਫਾਇਰ ਬ੍ਰਿਗੇਡ ਸ਼ਾਖਾ ਦੀ ਰਿਪੋਰਟ ਮੁਤਾਬਕ ਇਸ ਕਰਮਚਾਰੀ ਵੱਲ ਕੋਈ ਦਫਤਰੀ/ਵਿਜੀਲੈਂਸ ਇੰਨਕੁਆਰੀ/ਕੇਸ ਲੰਬਿਤ ਨਹੀਂ ਹੈ ਅਤੇ ਉਸਦੀਆਂ ਮਿਤੀ 31.01.2023 ਤੱਕ 450 ਕਮਾਈ ਛੁੱਟੀਆਂ ਬਕਾਇਆ ਹਨ। ਸੁਪਰਡੰਟ ਅਮਲਾ ਵੱਲੋਂ ਦਿੱਤੀ ਰਿਪੋਰਟ ਅਨੁਸਾਰ ਪ੍ਰਾਰਥੀ ਵੱਲੋਂ ਮੰਗ ਕੀਤੀ ਗਈ 62 ਦਿਨ ਐਕਸ ਇੰਡੀਆ ਲੀਵ ਪ੍ਰਸੋਨਲ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ-2 ਸ਼ਾਖਾ) ਦੇ ਪੱਤਰ ਨੰ.12/151/15-2ਪੀਪੀ2/1027298/1 ਮਿਤੀ, ਚੰਡੀਗੜ੍ਹ 20.07.2017 ਤਹਿਤ ਐਕਸ ਇੰਡੀਆ ਲੀਵ 3 ਮਹੀਨੇ ਤੋਂ ਘੱਟ ਹੋਣ ਕਾਰਨ ਸਮਰੱਥ ਅਥਾਰਿਟੀ ਵੱਲੋਂ ਪ੍ਰਵਾਨ ਕੀਤੀ ਜਾ ਸਕਦੀ ਹੈ। ਇਸ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਨਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਦੇ ਹੁਕਮ ਨੰ. 4105 ਮਿਤੀ 13.12.2022 ਰਾਹੀਂ ਬਣਾਈ ਗਈ Resolution Committee ਵਲੋਂ ਉਕਤ ਸਬੰਧੀ ਮਤਾ ਪਾਉਣ ਲਈ ਦਿੱਤੀ ਗਈ ਪ੍ਰਵਾਨਗੀ ਉਪਰੰਤ ਰਿਪੋਰਟ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ। | ---- | ਸੂਚਨਾ ਹਿੱਤ। |
| 2 | 06, 10.02.2023 | ਰਿਪੋਰਟ ਵਲੋਂ ਨਿਗਰਾਨ ਇੰਜੀਨੀਅਰ ਕਿ ਸ੍ਰੀ ਵਰੁਨ ਜੈਨ ਵੱਲੋਂ ਨਗਰ ਨਿਗਮ ਦਫਤਰ ਵਿਖੇ ਪੱਤਰ ਨੰ: 3005 ਮਿਤੀ 12/12/2022 ਰਾਹੀਂ ਬੇਨਤੀ ਕੀਤੀ ਗਈ ਹੈ ਕਿ ਉਕਤ ਪਾਰਕ ਦੀ ਮੇਨਟੀਨੈਂਸ ਦਾ ਕੰਮ ਉਸ ਨੂੰ ਦਿੱਤਾ ਜਾਵੇ ਕਿਉਕਿ ਪਾਰਕ ਦਾ ਨਾਮ ਉਹ ਆਪਣੇ ਪਿਤਾ ਸ੍ਰੀ ਵਿਸ਼ਾਲ ਕੀਰਤੀ ਜੈਨ ਦੇ ਨਾਮ ਉੱਪਰ ਰੱਖਣਾ ਚਾਹੁੰਦਾ ਹੈ। ਉਸ ਨਾਲ ਫੋਨ ਤੇ ਗੱਲ-ਬਾਤ ਕਰਨ ਤੇ ਪਤਾ ਲੱਗਿਆ ਕਿ ਉਹ ਪਾਰਕ ਦੀ ਮੇਨਟੀਨੈਂਸ ਦਾ ਕੰਮ ਕਰਨ ਲਈ ਸਾਰਾ ਖਰਚਾ ਵੀ ਆਪਣੇ ਵੱਲੋਂ ਹੀ ਕਰੇਗਾ ਅਤੇ ਨਗਰ ਨਿਗਮ ਪਾਸੋਂ ਇਸ ਦੀ ਮੇਨਟੀਨੈਂਸ ਕਰਨ ਲਈ ਫੰਡਾਂ ਦੀ ਮੰਗ ਨਹੀਂ | ---- | ਸੂਚਨਾ ਹਿੱਤ। |

Scanned with CamScanner

| | | | | |
|---|---|---|---|---|
| | | ਕਰੇਗਾ। ਸੋ ਉਕਤ ਬੇਨਤੀ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਕਰਵਾਉਣ ਤੋਂ ਪਹਿਲਾਂ ਨਗਰ ਨਿਗਮ ਦੇ ਜਰਨਲ ਹਾਊਸ ਦੀ ਪ੍ਰਵਾਨਗੀ ਅਤਿ ਜਰੂਰੀ ਹੈ। । ਇਸ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਨਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਦੇ ਹੁਕਮ ਨੰ. 4105 ਮਿਤੀ 13.12.2022 ਰਾਹੀਂ ਬਣਾਈ ਗਈ **Resolution Committee** ਵਲੋਂ ਉਕਤ ਸਬੰਧੀ ਮਤਾ ਪਾਉਣ ਲਈ ਦਿੱਤੀ ਗਈ ਪ੍ਰਵਾਨਗੀ ਉਪਰੰਤ ਰਿਪੋਰਟ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ । | | |
| 3 | 07, 10.02.2023 | ਰਿਪੋਰਟ ਵਲੋਂ ਏ.ਟੀ.ਪੀ ਕਿ ਨਗਰ ਨਿਗਮ ਫਗਵਾੜਾ ਵਲੋ ਪਹਿਲਾ ਪ੍ਰਵਾਨ ਕੀਤੇ ਮਤਾ ਨੰ.48 ਮਿਤੀ 25.07.2016 ਰਾਂਹੀ ਟੀ.ਪੀ.ਸਕੀਮ ਨੰ.8 ਅੰਦਰ ਪੈਂਦੀ ਸੜਕ (ਪਲਾਹੀ ਰੋਡ ਦਾ ਖੱਬਾ ਪਾਸਾ, ਜੀ.ਟੀ.ਰੋਡ ਤੇ ਲੁਧਿਆਣੇ ਤੋ ਜਲੰਧਰ ਨੂੰ ਜਾਂਦੇ ਸੱਜਾ ਪਾਸਾ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਮਤਾ ਮਾਨਯੋਗ ਹਾਊਸ ਤੋ ਪ੍ਰਵਾਨ ਕਰਵਾਉਣ ਉਪਰੰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਸੀ ਜਿਸ ਵਿੱਚ ਭੇਜੀਆ ਗਈਆਂ ਸੜਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><br>1. ਬਿੰਦੂ 'ੳ' ਹੁਸ਼ਿਆਰਪੁਰ ਰੋਡ ਮੋੜ ਤੋ ਚੱਲਦੇ ਹੋਏ ਬਿੰਦੂ 'ਅ' ਖਵਾਜਾ ਮੰਦਰ ਤੱਕ (ਭਾਵ ਟੀ.ਪੀ. ਸਕੀਮ ਅਨੁਸਾਰ ਲੁਧਿਆਣਾ ਤੋ ਜਲੰਧਰ ਨੂੰ ਜਾਂਦੇ ਜੀ.ਟੀ.ਰੋਡ ਦਾ ਸੱਜਾ ਪਾਸਾ,ਬਿੰਦੂ 'ੲ ਭਾਈ ਲਾਲੋ ਜੀ ਕਾਲਜ ਤੋ ਚਲਦੇ ਹੋਏ ਬਿੰਦੂ 'ਸ' ਸਿਵਲ ਹਸਪਤਾਲ ਦਾ ਖੱਬਾ ਪਾਸਾ ਤੱਕ (ਭਾਵ ਟੀ.ਪੀ ਸਕੀਮ ਵਿੱਚ ਪੈਂਦੀ ਜੋ ਸੜਕ ਦਾ ਖੱਬਾ ਪਾਸਾ ਭਾਈ ਲਾਲੋ ਜੀ ਕਾਲਜ ਤੋ ਸਿਵਲ ਹਸਪਤਾਲ ਨੂੰ ਮੁੜਦੀ ਸੜਕ ਤੱਕ ਪੈਂਦਾ ਹੈ ਅਤੇ ਬਿਦੂ 'ਸ' ਬਿੰਦੂ 'ਹ' ਸਤਲੁਜ ਹਸਪਤਾਲ ਤੱਕ ਸੜਕ ਦੇ ਦੋਨ੍ਹਾ ਪਾਸੇ ਤੱਕ (ਭਾਵ ਜੀ.ਟੀ.ਰੋਡ ਤੋ ਜੋ ਸੜਕ ਸਿਵਲ ਹਸਪਤਾਲ ਪਾਰ ਕਰਦੇ ਹੋਏ ਸਾਹਮਣੇ ਟੀ.ਪੁਆਇੰਟ ਤੱਕ ਜਾਦੀ ਹੈ ਉਸ ਪੁਆਇੰਟ ਤੇ ਖੱਬੇ ਚਲਦੇ ਹੋਏ ਸੜਕ ਦੇ ਦੋਨ੍ਹਾਂ ਪਾਸੇ ਪੈਂਦੀਆਂ ਪ੍ਰੋਪਰਟੀਆਂ ਸਤਲੁਜ ਹਸਪਤਾਲ ਚੌਂਕ ਤੱਕ ਪੈਂਦੀਆ ਹਨ ਤੱਕ ਇਸੇ ਮਤੇ ਨੂੰ ਦੁਬਾਰਾ ਨਗਰ ਨਿਗਮ ਫਗਵਾੜਾ ਵਲੋ ਮਤਾ ਨੰ.35 ਸਾਲ 2018 ਰਾਂਹੀ ਸਰਕਾਰ ਨੂੰ ਇਹਨਾਂ ਸੜਕਾਂ ਨੂੰ ਕਾਰੋਬਾਰੀ ਘੋਸ਼ਤ ਕਰਨ ਲਈ ਮੁੜ ਭੇਜਿਆ ਗਿਆ ਜੋ ਕਿ ਅਜੇ ਸਰਕਾਰ ਪੱਧਰ ਤੇ ਪ੍ਰਵਾਨ ਨਹੀ ਹੋਇਆ ਅਤੇ ਅਜੇ ਤੱਕ ਲੰਬਿਤ ਹੈ।<br><br>ਇਹਨਾਂ ਸੜਕਾਂ ਦੀ ਮੌਕੇ ਦੀ ਸਥਿਤੀ ਨੂੰ ਮੁੜ ਕੇ ਦੁਬਾਰਾ ਦੇਖਿਆ ਗਿਆ ਅਤੇ ਦਰੁਸਤ ਪਾਇਆ ਗਿਆ। ਸੜਕਾਂ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਮੌਕੇ ਦੀ ਸਥਿਤੀ ਦਾ ਵੇਰਵਾ ਦਰਸ਼ਾਇਆ ਗਿਆ ਸੀ ਅਤੇ ਜੋ ਲੈਂਡ ਮਾਰਕ ਦਰਸਾਏ ਗਏ ਸਨ ਉਹ ਠੀਕ ਹਨ ਅਤੇ ਸਕੀਮ ਪਲਾਨ ਉਪਰ ਇਹਨਾ ਨੂੰ ਦੁਬਾਰਾ ਮਾਰਕ ਕਰਕੇ ਦੁਬਾਰਾ ਨੱਥੀ ਕਰ ਦਿੱਤਾ ਹੈ। ਇਸ ਲੰਬਿਤ ਪਏ ਮਤੇ ਨੂੰ ਸਰਕਾਰ ਪੱਧਰ ਤੇ ਪ੍ਰਵਾਨ ਕਰਨ ਲਈ ਸਰਕਾਰ ਨੂੰ ਮੁੜ ਪੱਤਰ ਜਾਰੀ ਕਰਨਾ ਯੋਗ ਹੋਵੇਗਾ।<br><br>ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਸਕੀਮ ਅਧੀਨ ਪੈਂਦੀਆਂ ਉਪਰੋਕਤ ਪ੍ਰਮੁੱਖ ਸੜਕਾਂ ਜਿਨ੍ਹਾਂ ਜੀ ਚੌੜਾਈ 60 ਫੁੱਟ ਤੋਂ ਵੱਧ ਹੈ, ਨੂੰ ਮਤੇ ਦੇ ਰੂਪ ਵਿੱਚ ਕਾਰੋਬਾਰੀ ਘੋਸ਼ਿਤ ਕਰਨ ਲਈ ਕੇਸ ਸਰਕਾਰ ਨੂੰ ਭੇਜਿਆ ਹੋਇਆ ਹੈ ਪਰ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਜਲੰਧਰ-ਲੁਧਿਆਣਾ ਜੀ.ਟੀ ਰੋਡ ਅਤੇ ਹੁਸ਼ਿਆਰਪੁਰ ਰੋਡ ਦੇ ਮਿਲਣ ਦੇ ਸਥਾਨ ਤੋਂ ਜੋ ਹੁਸ਼ਿਆਰਪੁਰ ਰੋਡ ਦਾ ਖੱਬਾ ਪਾਸਾ ਜੋ ਕਿ ਪਲਾਹੀ ਰੋਡ | ਪੁਆਇੰਟ 'G' | ਪ੍ਰਵਾਨ ਹੈ। |

Scanned with CamScanner

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

| | | | | |
|---|---|---|---|---|
| | | ਤੱਕ ਪੈਂਦਾ ਹੈ (ਜਿਸ ਦੇ ਸੱਜੇ ਪਾਸੇ ਸਰਕਾਰੀ ਪਸ਼ੂਆਂ ਦਾ ਹਸਪਤਾਲ ਹੈ) ਅਤੇ ਉਸ ਜਗ੍ਹਾ ਤਕਰੀਬਨ ਸਾਰਾ ਏਰੀਆ ਕਾਰੋਬਾਰੀ ਅਦਾਰਿਆ ਦੇ ਰੂਪ ਵਿੱਚ ਬਣਿਆ ਹੋਇਆ ਹੈ ਅਤੇ ਇਨ੍ਹਾਂ ਅਦਾਰਿਆਂ ਅੱਗੇ ਪੈਂਦੀ ਹੁਸ਼ਿਆਰਪੁਰ ਮੇਨ ਰੋਡ ਦੀ ਚੌੜਾਈ 60 ਫੁੱਟ ਤੋਂ ਵੱਧ ਹੈ, ਪਰ ਉਸ ਜਗ੍ਹਾ ਹੁਣ ਫਲਾਈ ਓਵਰ ਬਣ ਗਿਆ ਹੈ, ਜਿਸ ਕਾਰਣ ਇਨ੍ਹਾਂ ਕਾਰੋਬਾਰੀ ਅਦਾਰਿਆਂ ਅੱਗੇ ਮੌਜੂਦਾ ਸੜਕ ਸਰਵਿਸ ਰੋਡ ਦੇ ਰੂਪ ਵਿੱਚ ਵਰਤੋਂ ਅਧੀਨ ਹੈ। ਪਰ ਇਸ ਸੜਕ ਨੂੰ ਪਹਿਲਾਂ ਪ੍ਰਵਾਨ ਕੀਤੇ ਮਤੇ ਵਿੱਚ ਕਾਰੋਬਾਰੀ ਘੋਸ਼ਿਤ ਕਰਨ ਲਈ ਸ਼ਾਮਿਲ ਨਹੀਂ ਕੀਤਾ ਗਿਆ ਹੈ ਅਤੇ ਇਸੇ ਤਰ੍ਹਾਂ ਪਲਾਹੀ ਰੋਡ ਦਾ ਸੱਜਾ ਪਾਸਾ ਜਿਸ ਉੱਪਰ ਨਗਰ ਸੁਧਾਰ ਟਰੱਸਟ ਦੀ ਸਕੀਮ ਸ਼ਹੀਦ ਭਗਤ ਸਿੰਘ ਨਗਰ (ਸਕੀਮ ਨੰ.3) ਪੈਂਦਾ ਹੈ, ਉਸ ਸੜਕ ਦੇ ਹਿੱਸੇ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਪਹਿਲਾਂ ਪ੍ਰਵਾਨ ਕੀਤੇ ਮਤੇ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ ਅਤੇ ਇਸ ਸੜਕ ਦਾ ਜੋ ਖੱਬਾ ਪਾਸਾ ਭਾਵ ਟੀ.ਪੀ ਸਕੀਮ ਅਨੁਸਾਰ ਭਾਈ ਲਾਲੋ ਜੀ ਕਾਲਜ ਤੋਂ ਸਿਵਲ ਹਸਪਤਾਲ ਵੱਲ ਨੂੰ ਜਾਂਦੀ ਸੜਕ ਤੱਕ ਪੈਂਦਾ ਹੈ, ਉਸ ਪਾਸੇ ਨੂੰ ਹੀ ਕਾਰੋਬਾਰੀ ਘੋਸ਼ਿਤ ਕਰਨ ਲਈ ਪਹਿਲਾਂ ਮਤਾ ਪ੍ਰਵਾਨ ਕਰਕੇ ਸਰਕਾਰ ਨੂੰ ਭੇਜਿਆ ਗਿਆ ਹੈ।<br><br>ਇਸ ਲਈ ਜੇਕਰ ਸਹਿਮਤੀ ਹੋਵੇ ਤਾਂ ਇਸ ਟੀ.ਪੀ ਸਕੀਮ ਨੰ. 8 ਦੀ ਬਾਉਂਡਰੀ ਵਿੱਚ ਪੈਂਦੀ ਸੜਕ (ਹੁਸ਼ਿਆਰਪੁਰ ਜੀ.ਟੀ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ ਅਤੇ ਹੁਸ਼ਿਆਰਪੁਰ ਰੋਡ ਨਾਲ ਚੱਲਦੇ ਹੋਏ ਪਲਾਹੀ ਰੋਡ ਤੱਕ ਖੱਬਾ ਪਾਸਾ ਅਤੇ ਪਲਾਹੀ ਰੋਡ ਦਾ ਸੱਜਾ ਪਾਸਾ ਜਿਸ ਉੱਪਰ ਨਗਰ ਸੁਧਾਰ ਟਰੱਸਟ ਦੀ ਸਕੀਮ ਪੈਂਦੀ ਹੈ) ਨੂੰ ਵੀ ਕਾਰੋਬੀਰੀ ਘੋਸ਼ਿਤ ਕਰਨ ਲਈ ਸਰਕਾਰ ਨੂੰ ਤਜਵੀਜ ਭੇਜਣੀ ਯੋਗ ਹੋਵੇਗੀ ਤਾਂ ਜੋ ਸਰਕਾਰ ਵੱਲੋਂ ਜਦੋਂ ਇਸ ਮਤੇ ਦੀਆਂ ਸੜਕਾਂ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਤਾਂ ਉਸ ਵਿੱਚ ਇਹ ਸੜਕਾਂ ਵੀ ਸ਼ਾਮਿਲ ਹੋ ਸਕਣ। ਕਿਉਂਕਿ ਅਜਿਹਾ ਕਰਨ ਨਾਲ ਇਸ ਸੜਕ ਉੱਪਰ ਪੈਂਦੀਆਂ ਬਣ ਚੁੱਕੀਆਂ ਇਮਾਰਤਾਂ ਤੋਂ ਬਣਦੇ ਭੌਂ-ਮੰਤਵ ਤਬਦੀਲੀ ਫੀਸ ਵਸੂਲੀ ਜਾ ਸਕੇ ਅਤੇ ਇਸ ਉਪਰੰਤ ਇਨ੍ਹਾਂ ਬਣੀਆਂ ਇਮਾਰਤਾਂ ਤੋਂ ਰੂਲਾਂ ਅਨੁਸਾਰ ਬਣਦੀ ਰਾਜੀਨਾਮਾ ਫੀਸ ਵਸੂਲ ਕੀਤੀ ਜਾ ਸਕੇ ਅਤੇ ਜੋ ਰਿਹਾਇਸ਼ੀ ਪਲਾਟ ਇਨ੍ਹਾਂ ਸੜਕਾਂ ਉੱਪਰ ਪੈਂਦੇ ਹਨ, ਉਨ੍ਹਾਂ ਦਾ ਵੀ ਭਵਿੱਖ ਵਿੱਚ ਭੌਂ-ਮੰਤਵ ਤਬਦੀਲ ਕਰਕੇ ਉਸ ਜਗ੍ਹਾ ਕਾਰੋਬਾਰੀ ਇਮਾਰਤਾਂ ਦਾ ਨਕਸ਼ਾ ਰੂਲਾਂ ਅਨੁਸਾਰ ਪਾਸ ਕੀਤਾ ਜਾ ਸਕੇ। ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਹੋਵੇਗਾ ਅਤੇ ਇਸ ਸੜਕ ਦੇ ਵਸਨੀਕਾਂ ਨੂੰ ਵੀ ਕਾਰੋਬਾਰੀ ਅਦਾਰੇ ਬਨਾਉਣ ਦੀ ਸਹੂੱਲਤ ਮਿਲੇਗੀ (ਮੌਕੇ ਦੀ ਸਥਿਤੀ ਜਿਸ ਵਿੱਚ ਕਾਰੋਬਾਰੀ ਕੀਤੀਆਂ ਜਾਣ ਵਾਲੀਆਂ ਸੜਕਾਂ ਦਾ ਵੇਰਵਾ, ਸਕੀਮ ਪਲਾਨ ਅਤੇ ਸਾਈਟ ਪਲਾਨ ਉੱਪਰ ਦਰਸਾ ਦਿੱਤਾ ਗਿਆ ਹੈ)। ਉਕਤ ਅਨੁਸਾਰ ਨਗਰ ਨਿਗਮ ਫਗਵਾੜਾ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ । | | |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ
ਨਗਰ ਨਿਗਮ, ਫਗਵਾੜਾ

Scanned with CamScanner